ਪੰਜਾਬ ਸਰਕਾਰ,
ਜੰਗਲੀ ਜੀਵ ਸੁਰੱਖਿਆ ਵਿਭਾਗ, ਪੰਜਾਬ,
ਦਫਤਰ ਵਣ ਮੰਡਲ ਅਫਸਰ, ਅੰਮ੍ਰਿਤਸਰ।
ਫਾਰੈਸਟ ਕੰਪਲੈਕਸ, ਤਾਰਾਂ ਵਾਲਾ ਪੁੱਲ, ਅੰਮ੍ਰਿਤਸਰ।
ਫੋਨ/ਫੈਕਸ ਨੰ : 0183-2585480
**Email : dfoamritsar@rediffmail.com**

ਸੇਵਾ ਵਿਖੇ:-

**ਵਧੀਕ ਪ੍ਰਧਾਨ ਮੁੱਖ ਵਣ ਪਾਲ (ਐਫ.ਸੀ)**
**ਅਤੇ ਨੋਡਲ ਅਫਸਰ (ਐਫ.ਸੀ.ਏ),**
**ਪੰਜਾਬ, ਐਸ.ਏ.ਐਸ ਨਗਰ।**

ਨੰਬਰ 9884 ਮਿਤੀ 08-03-2021

ਵਿਸ਼ਾ:- **FP/PB/Road/37029/2018:- Div of 30.30 ha. of forest land for construction of proposed road along canal (Kasur Branch Lower/ Khem Karan Distributary) from village Joura originating from MDR-62 (Tarn Taran-Patti Road) to village Mehmoodpura RD 0 to 30300 (Total Length 30.30 km) Tehsil Patti, Distt. Tarn Taran**

ਹਵਾਲਾ: ਇਸ ਦਫਤਰ ਦਾ ਪੱਤਰ ਨੰ: 8579 ਮਿਤੀ 21-1-2021

ਉਪਰੋਕਤ ਵਿਸ਼ੇ ਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਤਜਵੀਜ ਵਿੱਚ ਪਹਿਲਾਂ ਪ੍ਰਭਾਵਿਤ ਹੋਣ ਵਾਲੇ ਰੁੱਖਾਂ 632 ਰੁੱਖ, 475 ਪੋਲ ਅਤੇ 12917 ਪੌਦੇ ਪ੍ਰਭਾਵਿਤ ਹੁੰਦੇ ਸਨ, ਜਿਸ ਦਾ ਮੌਕਾ ਵਣ ਪਾਲ ਬਿਸਤ ਸਰਕਲ, ਪੰਜਾਬ, ਜਲੰਧਰ ਜੀ ਵੱਲੋਂ ਮਿਤੀ 29-01-2021 ਨੂੰ ਵੇਖਿਆ ਗਿਆ ਅਤੇ ਮੌਕੇ ਦੌਰਾਨ ਸਬੰਧਤ ਫੀਲਡ ਸਟਾਫ ਨੂੰ ਹਦਾਇਤ ਕੀਤੀ ਗਈ ਕਿ ਇਸ ਤਜਵੀਜ ਸਬੰਧੀ ਉਹਨਾਂ ਵੱਲੋਂ ਜੋ ਮਾਰਕਿੰਗ ਲਿਸਟਾਂ ਬਣਾਈਆਂ ਗਈਆਂ ਹਨ, ਉਹ ਲਿਸਟਾਂ ਕਰੀਬ 5 ਸਾਲ ਪਹਿਲਾਂ ਕੀਤੀ ਗਈ ਪੁਰਾਣੀ ਸ਼ੁਮਾਰੀ ਨਾਲ ਤਿਆਰ ਕੀਤੀਆਂ ਗਈਆਂ ਸਨ। ਜਿਸ ਕਰਕੇ ਕਾਫੀ ਰੁੱਖਾਂ ਦੀ ਲਪੇਟ ਵਿੱਚ ਫਰਕ ਆ ਗਿਆ ਅਤੇ ਕਾਫੀ ਪੋਲ ਕਰੋਪ ਸ਼ੁਮਾਰੀ ਵਿੱਚ ਦਰਜ ਕਰਨ ਯੋਗ ਹੋ ਗਏ ਹਨ। ਇਸ ਲਈ ਮੌਕੇ ਤੇ ਵਣ ਪਾਲ ਬਿਸਤ ਸਰਕਲ, ਪੰਜਾਬ, ਜਲੰਧਰ ਜੀ ਵੱਲੋਂ ਦਿੱਤੀਆਂ ਗਈਆਂ ਹਦਾਇਤਾਂ ਨੂੰ ਮੁੱਖ ਰੱਖਦੇ ਹੋਏ ਮੌਕੇ ਤੇ ਪ੍ਰਭਾਵਿਤ ਹੋ ਰਹੇ ਪੋਲ ਅਤੇ ਪੌਦੇ ਸ਼ੁਮਾਰੀ ਵਿੱਚ ਸ਼ਾਮਲ ਕਰਨ ਲਈ ਕੀਤੀ ਗਈ ਹਦਾਇਤ ਸਬੰਧੀ ਕਾਰਵਾਈ ਕਰਦੇ ਹੋਏ ਨਵੀਂ ਸ਼ੁਮਾਰੀ ਅਨੁਸਾਰ ਤਿਆਰ ਕੀਤੀਆਂ ਗਈਆਂ ਮਾਰਕਿੰਗ ਲਿਸਟਾਂ ਨਾਲ ਨੱਥੀ ਕਰਕੇ ਆਪ ਜੀ ਨੂੰ ਸੂਚਨਾ ਅਤੇ ਅਗਲੀ ਕਾਰਵਾਈ ਲਈ ਭੇਜੀਆਂ ਜਾਂਦੀਆਂ ਹਨ। ਇਸ ਤੋਂ ਇਲਾਵਾ ਕੇਸ ਨਾਲ ਸਬੰਧਤ ਉਕਤ ਮਾਰਕਿੰਗ ਲਿਸਟਾਂ ਮੁਤਾਬਿਕ ਸੋਧਿਆ ਹੋਇਆ ਪਾਰਟ-2, ਆਈਟਮ ਵਾਈਜ ਬਰੇਕਅੱਪ, ਅਡੀਸ਼ਨਲ ਸੀ.ਏ ਅਤੇ ਲੈਂਡ ਸਿਊਟੇਬਿਲਟੀ ਸਰਟੀਫਿਕੇਟ ਪਾਰਟ-2 ਦੇ ਅਡੀਸ਼ਨਲ ਇੰਟਫਰਮੇਸ਼ਨ ਵਿੱਚ ਅਪਲੋਡ ਕਰ ਦਿੱਤੇ ਗਏ ਹਨ। ਕ੍ਰਿਪਾ ਕਰਕੇ ਉਕਤ ਨਵੀਂ ਮਾਰਕਿੰਗ ਲਿਸਟ ਨੂੰ ਵਿਚਾਰਦੇ ਹੋਏ ਇਸ ਕੇਸ ਤੇ ਅਗਲੀ ਯੋਗ ਕਾਰਵਾਈ ਕਰਨ ਦੀ ਖੇਚਲ ਕੀਤੀ ਜਾਵੇ ਜੀ।

**ਨੱਥੀ ਉਪਰਵਾਂਗ।**

**ਵਣ ਮੰਡਲ ਅਫਸਰ,**
**ਅੰਮ੍ਰਿਤਸਰ।**

ਪਿੱਠ ਅੰਕਣ ਨੰ: ਮਿਤੀ

ਕਾਪੀ ਵਣ ਪਾਲ ਬਿਸਤ ਸਰਕਲ ਪੰਜਾਬ ਜਲੰਧਰ ਜੀ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜੀ ਜਾਂਦੀ ਹੈ।

**ਨੱਥੀ ਉਪਰਵਾਂਗ।**

**ਵਣ ਮੰਡਲ ਅਫਸਰ,**
**ਅੰਮ੍ਰਿਤਸਰ।**